# PARWASI PUNJABI BANDE DI THIRKI MANSIKA DI PESHKARI: 'PRISAM' KATHA SANGRHI

# ਪਰਵਾਸੀ ਪੰਜਾਬੀ ਬੰਦੇ ਦੀ ਥਿੜਕੀ ਮਾਨਸਿਕਤਾ ਦੀ ਪੇਸ਼ਕਾਰੀ: 'ਪ੍ਰਿਜ਼ਮ' ਕਥਾ-ਸੰਗ੍ਰਹਿ

ਪ੍ਰੋ. ਗੁਰਸਿਮਰ ਸਿੰਘ (Pro. Gursimar Singh)

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨਤਾਰਨ (ਪੰਜਾਬ)

Email ID: dhaliwalsimran77@gmail.com ਮੋਬਾਈਲ: +91-94632-15168

**ਸਾਰ (Abstract)**

*ਚੌਥੀ ਪੀੜ੍ਹੀ ਦੇ ਸਮਰੱਥ ਕਥਾਕਾਰ ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਪਰਵਾਸ ਵਿਚ ਜਿਊਂ ਰਹੇ ਪੰਜਾਬੀ ਬੰਦੇ ਦੀ ਜ਼ਿੰਦਗੀ ਦੇ ਅਨੇਕਾਂ ਰੰਗਾਂ ਨੂੰ ਪੇਸ਼ ਕਰਦੀਆਂ ਹਨ। ਬੇਗਾਨੀ ਧਰਤੀ ਤੇ ਰਹਿੰਦਿਆਂ, ਪੰਜਾਬੀਆਂ ਦੀ ਉਹ ਪੀੜ੍ਹੀ ਜੋ ਆਪਣੇ ਨਾਲ ਇੱਕ ਅਲੱਗ ਜੀਵਨ ਸ਼ੈਲੀ ਦਾ ਮਾਡਲ ਵੀ ਨਾਲ ਲੈ ਕੇ ਗਈ ਹੈ, ਬੇਹੱਦ ਵਿਚਲਿਤ ਹੈ। ਉਥੇ ਬਹੁਤ ਕੁਝ ਹੈ ਜੋ ਉਸਦੇ ਅਜੇ ਵੀ ਮੇਚ ਨਹੀਂ ਆ ਰਿਹਾ। ਇਸ ਨਾ ਮੇਚ ਆਉਣ ਦੀ ਚੀਸ ਪੰਜਾਬੀ ਬੰਦੇ ਦੇ ਮੱਥੇ ਵਿੱਚ ਉਠਦੀ ਰਹੇਗੀ। ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਕੈਨੇਡਾ ਦੀ ਧਰਤੀ 'ਤੇ ਵਾਪਰਦੀਆਂ ਹਨ ਪਰ ਉਸਦਾ ਮੁੱਖ ਫੋਕਸ ਪਾਤਰਾਂ ਦੇ ਮਨਾਂ ਵਿੱਚ ਵਾਪਰ ਰਹੀਆਂ ਕਹਾਣੀਆਂ ਨੂੰ ਪਕੜਨ ਵੱਲ ਹੁੰਦਾ ਹੈ।*

**ਕੀਵਰਡ (Keyword):** *ਪਰਵਾਸ, ਪਰਵਾਸ ਕਹਾਣੀ, ਹਰਪ੍ਰੀਤ ਸੇਖਾ, ਆਰਥਿਕ ਹਾਲਾਤ ਅਤੇ ਮਜਬੂਰੀ, ਬੇਗਾਨੀ ਧਰਤੀ।*

ਪੰਜਾਬੀ ਕਹਾਣੀ ਦੇ ਵਿਸ਼ਾਲ ਕੈਨਵਸ ਵਿਚ ਪਰਵਾਸ ਵਿੱਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੀ ਆਪਣੀ ਵਿਸ਼ੇਸ਼ ਥਾਂ ਹੈ। *ਪਰਵਾਸੀ ਪੰਜਾਬੀ ਕਹਾਣੀ ਨੇ ਵਿਸ਼ੇਸ਼ ਤੌਰ 'ਤੇ ਪਰਵਾਸੀ ਪੰਜਾਬੀਆਂ ਦੀਆਂ ਆਰਥਕ ਔਕੜਾਂ, ਹੱਡ ਭੰਨਵੀਂ ਮੁਸ਼ੱਕਤ, ਬਿਗਾਨੀ ਭਾਸ਼ਾ ਅੰਗਰੇਜ਼ੀ ਅਤੇ ਪੱਛਮੀ ਸੱਭਿਆਚਾਰ ਨਾਲ ਜੋੜ ਨਾ ਬੈਠ ਸਕਣ ਦੀਆਂ ਸਮੱਸਿਆਵਾਂ, ਨਸਲੀ ਵਿਤਕਰਿਆਂ ਨੂੰ ਹੰਢਾਉਣ ਦੀਆਂ ਮਜਬੂਰੀਆਂ ਅਤੇ ਵਤਨ ਤੋਂ ਲੰਮੇ ਵਿਛੋੜੇ ਨਾਲ ਬਣੇ ਇਕੱਲਤਾ ਤੇ ਉਦਰੇਵੇਂ ਦੇ ਸੰਕਟਾਂ ਨੂੰ ਅਪਣਾ ਰਚਨਾ ਵਸਤੂ ਬਣਾਇਆ।*[1] ਆਧੁਨਿਕ ਸਮੇਂ ਵਿੱਚ ਬਿਹਤਰ ਜ਼ਿੰਦਗੀ, ਚੰਗੇ ਜਿਊਣ ਢੰਗ ਦੀ ਇੱਛਾ ਲੈ ਕੇ ਅਣਗਿਣਤ ਪੰਜਾਬੀ ਸਵੈ-ਇੱਛਿਤ ਪਰਵਾਸ ਧਾਰਨ ਕਰ ਰਹੇ ਹਨ। ਉਹ ਪੰਜਾਬੀ ਵੀ ਇਸ ਵਿੱਚ ਸ਼ਾਮਲ ਹਨ, ਜੋ ਸਾਲਾਂ ਤੋਂ ਉੱਥੇ ਰਹਿ ਰਹੇ ਹਨ। ਜਿੰਨਾ ਨੇ ਉੱਥੋਂ ਦੀ ਧਰਤੀ ਨੂੰ ਆਪਣਾ ਮੰਨ ਲਿਆ ਹੈ। ਜਿੰਨਾ ਅੰਦਰ ਹੁਣ ਵਤਨ ਮੋਹ ਜਾਂ ਝੂ-ਹੇਰਵੇ ਦਾ ਉਹ ਰੂਪ ਨਹੀਂ ਹੈ, ਪਰ ਫਿਰ ਵੀ ਉਹ ਪੰਜਾਬੀ ਵੀ ਪਰਵਾਸ ਵਿੱਚ ਬੈਠੇ ਅਨੇਕ ਕਿਸਮ ਦੀਆਂ ਦੁਸ਼ਵਾਰੀਆਂ ਚੱਲਣ ਲਈ ਮਜਬੂਰ ਹਨ। ਖ਼ਾਸ ਕਰਕੇ ਪਰਵਾਸੀ ਪੰਜਾਬੀਆਂ ਦੀ ਉਹ ਪੀੜ੍ਹੀ ਜਿੰਨਾਂ ਦੇ ਮਨਾਂ ਅੰਦਰ ਅਜੇ ਵੀ ਪੰਜਾਬ ਵਾਲੀ ਰਹਿਣੀ ਬਹਿਣੀ ਅਤੇ ਜਿਊਣ ਸ਼ੈਲੀ ਵਸੀ ਹੋਈ ਹੈ। ਪਰਵਾਸੀ ਪੰਜਾਬੀ ਕਹਾਣੀ ਐਸ ਕਿਸਮ ਦੇ ਦੁਖਾਂਤ ਨੂੰ ਬਾਖ਼ੂਬੀ ਫੜ੍ਹ ਰਹੀ ਹੈ ਅਤੇ ਬੜੀ ਕਲਾਤਮਿਕਤਾ ਨਾਲ ਪੇਸ਼ ਕਰ ਰਹੀ ਹੈ। ਕਹਾਣੀਕਾਰਾਂ ਦੀ ਉਸ ਸੂਚੀ ਵਿੱਚ ਇੱਕ ਨਾਮ ਚੌਥੀ ਪੀੜ੍ਹੀ ਦੇ ਸਮਰੱਥ ਕਥਾਕਾਰ ਹਰਪ੍ਰੀਤ ਸੇਖਾ ਦਾ ਹੈ, ਜੋ ਲੰਮੇ ਸਮੇਂ ਤੋਂ ਕੈਨੇਡਾ ਦਾ ਵਾਸੀ ਹੈ। ਉਸ ਨੇ ਹੁਣ ਤੱਕ ਤਿੰਨ ਕਥਾ-ਸੰਗ੍ਰਹਿ ਸਿਰਜੇ ਹਨ-ਬਾਰਾਂ ਬੂਹੇ, ਬੀ ਜੀ ਮੁਸਕਰਾ ਪਏ ਅਤੇ ਪ੍ਰਿਜ਼ਮ। ਇਸ ਤੋਂ ਇਲਾਵਾ ਇੱਕ ਵਾਰਤਕ ਪੁਸਤਕ-ਟੈਕਸੀਨਾਮਾ ਅਤੇ ਇੱਕ ਅਨੁਵਾਦਿਤ ਪੁਸਤਕ ਕਿਲ੍ਹੇ ਦੇ ਮੋਤੀ ਉਸਦੇ ਰਚਨਾ ਸੰਸਾਰ ਵਿੱਚ ਸ਼ਾਮਲ ਹਨ।

> *ਹਰਪ੍ਰੀਤ ਦੀਆਂ ਕਹਾਣੀ ਵਿੱਚ ਉਸ ਪੰਜਾਬੀ ਬੰਦੇ ਦੀ ਮਾਨਸਿਕਤਾ ਪੇਸ਼ ਹੁੰਦੀ ਹੈ, ਜੋ ਇੱਛਿਤ ਜਾਂ ਮਜਬੂਰੀ ਵੱਸ ਪਰਵਾਸ ਭੋਗ ਰਿਹਾ ਹੈ, ਪਰ ਅੰਦਰੋਂ ਬੇਅਰਾਮ ਹੈ। ਇਸ ਬੇਅਰਾਮੀ ਦੇ ਕਈ ਦਿਸਦੇ ਅਣਦਿੱਸਦੇ ਕਾਰਨ ਹਨ। ਕੈਨੇਡਾ ਦੇ ਪੰਜਾਬੀ ਪਰਵਾਸੀਆਂ ਦੀਆਂ ਮਨੋਗੁੰਝਲਾਂ ਦੀ ਉਸਨੂੰ ਤੀਖਣ ਸੋਝੀ ਹੈ ਅਤੇ ਕਹਾਣੀ ਦੀ ਕਲਾਤਮਕਤਾ ਵੱਲੋਂ ਵੀ ਪੂਰੀ ਤਰਾਂ ਸੁਚੇਤ ਹੈ।*[2]

ਇਹਨਾਂ ਮਾਨਸਿਕ ਗੁੰਝਲਾਂ ਦੇ ਉਪਜਣ ਪਿੱਛੇ ਕਿਹੜੇ ਕਾਰਨ ਹਨ ਉਹਨਾਂ ਦੀ ਨਿਸ਼ਾਨਦੇਹੀ ਹਰਪ੍ਰੀਤ ਦੀਆਂ ਕਹਾਣੀਆਂ ਬੜੀ ਖ਼ੂਬਸੂਰਤੀ ਨਾਲ ਕਰਦੀਆਂ ਹਨ। ਸਾਡੇ ਹਥਲੇ ਲੇਖ ਦਾ ਮਨੋਰਥ ਹਰਪ੍ਰੀਤ ਸੇਖਾ ਦੇ ਨਵ-ਪ੍ਰਕਾਸ਼ਿਤ ਕਥਾ ਸੰਗ੍ਰਹਿ ਪ੍ਰਿਜ਼ਮ ਦਾ ਵਿਸ਼ੈਗਤ ਅਧਿਐਨ ਕਰਨਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਵਸਤੂ-ਸਮਗਰੀ ਬੇਸ਼ੱਕ ਅਲੱਗ-ਅਲੱਗ ਹੈ ਪਰ ਫਿਰ ਵੀ ਇਹਨਾਂ ਸਾਰੀਆਂ ਹੀ ਕਹਾਣੀਆਂ ਵਿਚਲਾ ਸਾਂਝਾ ਸੂਤਰ ਲੱਭਣਾ ਹੋਵੇ ਤਾਂ ਉਹ ਇਹ ਹੈ ਕਿ ਇਹ ਕਹਾਣੀ ਪੰਜਾਬੀ ਪਰਵਾਸੀ ਬਾਸ਼ਿੰਦੇ ਦੀ ਥਿੜਕੀ ਮਾਨਸਿਕਤਾ ਦੀ ਪੇਸ਼ਕਾਰੀ ਕਰਦੀਆਂ ਹਨ। ਉਸਦੀ ਇਸ ਮਾਨਸਿਕ ਪੀੜ ਪਿੱਛੇ ਚਾਹੇ ਆਰਥਿਕਤਾ ਹੋਵੇ, ਰਿਸ਼ਤਿਆਂ ਵਿਚਲਾ ਸੰਕਟ ਹੋਵੇ ਜਾਂ ਫਿਰ

ਪੰਜਾਬੀ ਮੂਲ ਵਾਲੀ ਇੱਕ ਹਉਮੈ, ਜੋ ਉਸ ਅੰਦਰੋਂ ਬਾਰ-ਬਾਰ ਸਿਰ ਚੁੱਕ ਕੇ ਉਸਨੂੰ ਪ੍ਰੇਸ਼ਾਨ ਕਰਦੀ ਹੈ।

ਪੁਸਤਕ ਦੀ ਪਹਿਲੀ ਕਹਾਣੀ ਪੰਜਾਬੀ ਸੂਟ ਇੱਕ ਅਜਿਹੀ ਪੰਜਾਬੀ ਔਰਤ ਦੀ ਕਹਾਣੀ ਹੈ ਜੋ ਸੈਕਸ ਵਰਕਰ ਹੈ। ਨਿੱਤ ਉਸਦਾ ਵਾਹ ਨਵੇਂ ਮਰਦਾ ਨਾਲ ਪੈਂਦਾ ਹੈ। ਇਹ ਕਹਾਣੀ ਦੋ ਨੁਕਤਿਆਂ ਨੂੰ ਪੇਸ਼ ਕਰਦੀ ਹੈ। ਪਹਿਲਾਂ ਇਹ ਕਿ ਸੈਕਸ ਟ੍ਰੇਡ ਵਿਚ ਕੰਮ ਕਰਦੀ ਔਰਤ ਅੰਦਰ ਵੀ ਦਿਲ ਧੜਕਦਾ ਹੈ। ਸਰੀਰ ਵੇਚਣਾ ਉਸਦੀ ਮਜਬੂਰੀ ਹੈ ਪਰ ਉਸਦਾ ਮਨ ਵੀ ਮੋਹ ਭਰੇ ਬੋਲਾਂ ਲਈ ਤਰਸਦਾ ਹੈ। ਉਸਨੂੰ ਵੀ ਸਤਿਕਾਰ ਦੀ ਜ਼ਰੂਰਤ ਹੈ। ਦੂਜਾ ਨੁਕਤਾ ਇਹ ਹੈ ਕਿ ਪੰਜਾਬੀ ਮਾਨਸਿਕਤਾ ਦੇ ਵੱਸ ਉਸ ਕੋਲ ਜਾਣ ਵਾਲੇ ਪੰਜਾਬੀ ਬੰਦੇ ਉਸ ਨਾਲ ਅਜੀਬ ਵਿਹਾਰ ਕਰਦੇ ਹਨ। ਉਸਦਾ ਅੱਗਾ ਪਿੱਛਾ ਪੁਛਦੇ ਹਨ। ਮੰਦਾ ਵੀ ਬੋਲਦੇ ਹਨ। ਪੰਜਾਬੀ ਭਾਈਚਾਰੇ ਲਈ ਉਸਨੂੰ ਬੁਰਾ ਵੀ ਸਮਝਦੇ ਹਨ। ਇਹ ਮਰਦ ਮਾਨਸਿਕਤਾ ਹੈ। ਖ਼ੁਦ ਸੈਕਸ ਵਰਕਰ ਕੋਲ ਜਾਣਾ ਬੁਰਾ ਨਹੀਂ ਹੈ ਪਰ ਜੇਕਰ ਸੈਕਸ ਵਰਕਰ ਪੰਜਾਬੀ ਭਾਈਚਾਰੇ ਵਿੱਚੋਂ ਹੈ ਤਾਂ ਇਹ ਆਫ਼ਤ ਵਾਲੀ ਗੱਲ ਹੈ। ਇਸ ਨੂੰ ਪੰਜਾਬੀ ਭਾਈਚਾਰੇ ਲਈ ਕਲੰਕ ਸਮਝਿਆ ਜਾਂਦਾ ਹੈ। ਇਸੇ ਲਈ ਉਹ ਆਪਣੇ ਇਸ਼ਤਿਹਾਰ ਵਿੱਚ ਇੰਡੋ ਕੈਨੇਡੀਅਨ ਬੰਦਿਆਂ ਨੂੰ ਮਿਲਣ ਤੋਂ ਮਨਾਂ ਕਰ ਦਿੰਦੀ ਹੈ। ਪਰ ਫਿਰ ਕਿਸੇ ਸਹੀ ਬੰਦੇ ਦੇ ਉਸ ਕੋਲ ਆਉਣ ਤੇ ਉਸਦੇ ਇਨਸਾਨੀ ਭਾਵ ਵੀ ਜਾਗਦੇ ਹਨ ਅਤੇ ਉਸਦੀ ਮੋਹ ਸਤਿਕਾਰ ਦੀ ਤਾਂਘ ਵੀ। ਕਹਾਣੀ ਦੀ ਪਾਤਰ ਬਿਆਨ ਕਰਦੀ ਹੈ-

> *ਉਸਨੇ ਦੱਸਿਆ ਕਿ ਉਸਦੀ ਪਤਨੀ ਤੇ ਬੇਟਾ ਕਾਰ ਐਕਸੀਡੈਂਟ ਵਿੱਚ ਮਾਰੇ ਗਏ ਸਨ। ਆਪਣਾ ਮਨ ਹਲਕਾ ਕਰਕੇ ਉਹ ਜਾਣ ਲੱਗਿਆ ਤਾਂ ਮੈਂ ਕਹਿ ਦਿੱਤਾ ਕਿ ਉਹ ਇੱਥੇ ਰਾਤ ਰਹਿ ਸਕਦਾ ਹੈ।* [3]

ਇਨਸਾਨ ਕਿਹੋ ਜਿਹੇ ਵੀ ਹਾਲਾਤਾਂ ਵਿੱਚ ਹੋਵੇ ਉਸ ਅੰਦਰੋਂ ਇਨਸਾਨੀ ਜਜ਼ਬੇ ਮਰਦੇ ਨਹੀਂ, ਕਦੇ ਕਿਸੇ ਨਾ ਕਿਸੇ ਸਥਿਤੀ ਵਿੱਚ ਉਹ ਜਾਗ ਹੀ ਪੈਂਦੇ ਹਨ।

ਦੂਸਰੀ ਕਹਾਣੀ ਮੁਹੱਬਤਾਂ ਇੱਕ ਕੇਅਰ ਹੋਮ ਦੀ ਕਹਾਣੀ ਹੈ। ਮੁੱਖ ਤੌਰ 'ਤੇ ਇਹ ਕਹਾਣੀ ਦੋ ਨਰਸਾਂ ਦੁਆਲੇ ਘੁੰਮਦੀ ਹੈ। ਇੱਕ ਕਹਾਣੀ ਦੀ ਬਿਰਤਾਂਤਕਾਰ ਮੈਂ ਪਾਤਰ ਅਤੇ ਦੂਜੀ ਹੈ ਕੇਅਰ ਹੋਮ ਵਿੱਚ ਕੰਮ ਕਰਨ ਵਾਲੀ ਨਰਸ ਪ੍ਰੀਤ। ਇਸ ਕਹਾਣੀ ਦਾ ਪਾਠ ਕਰਦਿਆਂ ਪ੍ਰਿ.ਤੇਜਾ ਸਿੰਘ ਦੇ ਲੇਖ 'ਘਰ ਦਾ ਪਿਆਰ' ਵਿਚਲੀ ਧਾਰਨਾ ਦ੍ਰਿੜ੍ਹ ਹੁੰਦੀ ਹੈ ਕਿ ਜਿੰਨਾਂ ਲੋਕਾਂ ਨੂੰ ਘਰ ਤੋਂ ਪਿਆਰ ਨਹੀਂ ਮਿਲਦਾ ਉਹ ਖਿਝੂ ਸੁਭਾਅ ਦੇ, ਗ਼ੁੱਸੇ ਖੋਰ ਅਤੇ ਮੋਹ ਵਿਹੂਣੇ ਬਣ ਜਾਂਦੇ ਹਨ। ਦੋਨਾਂ ਹੀ ਨਰਸਾਂ ਦੀ ਸਥਿਤੀ ਇੱਕ ਦੂਜੇ ਦੇ ਉਲਟ ਹੈ। ਪ੍ਰੀਤ ਦੇ ਮਾਪੇ ਬੇਹੱਦ ਚੰਗੇ, ਇਕ ਦੂਜੇ ਦੇ ਦੁੱਖ ਸੁੱਖ ਵਿੱਚ ਸਹਾਈ ਹੋਣ ਵਾਲੇ, ਆਪਣੀ ਧੀ ਨੂੰ ਪਿਆਰ ਕਰਨ ਵਾਲੇ ਹਨ ਜਦਕਿ ਮੈਂ ਪਾਤਰ ਦੇ ਪਿਤਾ ਸਾਰੀ ਉਮਰ ਉਸਦੀ ਮਾਂ ਨਾਲ ਲੜਦੇ-ਝਗੜਦੇ ਹਨ। ਉਸਦੇ ਦੁੱਖ-ਸੁੱਖ ਦੀ ਪਰਵਾਹ ਨਹੀਂ ਕਰਦੇ ਤੇ ਹੁਣ ਜਦੋਂ ਮੈਂ ਪਾਤਰ ਦੀ ਮਾਂ ਦੀ ਮੌਤ ਹੋ ਚੁੱਕੀ ਹੈ, ਪਿਤਾ ਉਸ ਕੋਲ ਕੈਨੇਡਾ ਹਨ ਤਾਂ ਉੱਥੇ ਵੀ ਉਹ ਪਰਿਵਾਰ ਲਈ ਮੁਸ਼ਕਿਲ ਬਣੇ ਹੋਏ ਹਨ। ਕਿਸੇ ਨਾਲ ਚੰਗਾ ਵਿਹਾਰ ਨਹੀਂ ਕਰਦੇ। ਹਰ ਗੱਲ ਉੱਤੇ ਕਿਧਰੇ ਹੋਰ ਚਲੇ ਜਾਣ ਦੀ ਗੱਲ ਕਰਦੇ ਹਨ। ਦੋਨਾਂ ਹੀ ਪਾਤਰਾਂ ਉਪਰ ਪਰਿਵਾਰ ਦੇ ਮਾਹੌਲ ਦਾ ਅਸਰ ਹੈ। ਪ੍ਰੀਤ ਖ਼ੁਸ਼ਨੁਮਾ ਸੁਭਾਅ ਦੀ ਹੈ। ਕੇਅਰ ਹੋਮ ਦੇ ਬਿਮਾਰ ਬਜ਼ੁਰਗਾਂ ਦਾ ਪੂਰੀ ਤਰ੍ਹਾਂ ਖ਼ਿਆਲ ਰੱਖਦੀ ਹੈ। ਉਹਨਾਂ ਨੂੰ ਪਿਆਰ ਕਰਦੀ ਹੈ। ਉਹ ਮੰਨਦੀ ਹੈ ਕਿ ਲੋਕ ਮੁਹੱਬਤ ਦੇ ਭੁੱਖੇ ਹਨ-

> *ਇਨ੍ਹਾਂ ਵਿਚਾਰਿਆਂ ਦਾ ਕੀ ਗ਼ੁੱਸਾ ਕਰਨਾ ਇਹ ਤਾਂ ਆਪਣੀਆਂ ਮੁਹੱਬਤਾਂ ਭਾਲਦੇ ਪਏ। ਪਰਿਵਾਰਾਂ 'ਚੋਂ ਇੱਥੇ ਆ ਕੇ ਰਹਿਣਾ ਕਿਤੇ ਸੌਖਾ ਪਿਆ।* [4]

ਪਰ ਮੈਂ ਪਾਤਰ ਦਾ ਨਿੱਤ ਬਜ਼ੁਰਗਾਂ ਨਾਲ ਕਲੇਸ਼ ਹੁੰਦਾ ਹੈ। ਉਸ ਅੰਦਰ ਉਹਨਾਂ ਲਈ ਉਸ ਤਰ੍ਹਾਂ ਦੀ ਮੁਹੱਬਤ ਨਹੀਂ। ਪਰ ਬਜ਼ੁਰਗਾਂ ਦੇ ਦੁੱਖ ਦੇਖ ਕੇ ਉਸ ਨੂੰ ਆਪਣੇ ਮਾਂ ਦੇ ਦੁੱਖ ਯਾਦ ਆਉਂਦੇ ਹਨ। ਕਿਤੇ ਅੰਤਰੀਵ ਮਨ ਵਿੱਚ ਆਪਣੇ ਬਾਪ ਲਈ ਉਸ ਅੰਦਰ ਨਫ਼ਰਤ ਵੀ ਹੈ। ਇਸ ਕਹਾਣੀ ਤੋਂ ਉਹਨਾਂ ਦੇਸ਼ਾਂ ਦੇ ਬਜ਼ੁਰਗਾਂ ਦੀ ਸਥਿਤੀ ਵੀ ਸਪਸ਼ਟ ਹੁੰਦੀ ਹੈ ਕਿ ਕਿਵੇਂ ਬੁਢਾਪੇ ਵਿੱਚ ਉਹ ਕੇਅਰ ਹੋਮਾਂ ਵਿੱਚ ਛੱਡ ਦਿੱਤੇ ਜਾਂਦੇ ਹਨ। ਪੰਜਾਬੀ ਬਜ਼ੁਰਗ ਇਸ ਸਥਿਤੀ ਵਿਚ ਕਿਵੇਂ ਦੀ ਹੋਣੀ ਭੋਗਦੇ ਹਨ ਇਸ ਨੂੰ ਵਧੇਰੇ ਸਪਸ਼ਟ ਕਰਦੀ ਕਹਾਣੀ ਘਰ ਹੈ ਜਿਸਦਾ ਜ਼ਿਕਰ ਅਸੀਂ ਅੱਗੇ ਜਾ ਕੇ ਕਰਾਂਗੇ।

ਪੁਸਤਕ ਦੀ ਤੀਸਰੀ ਅਤੇ ਖ਼ੂਬਸੂਰਤ ਕਹਾਣੀ ਹੈ-ਹਾਊਸ ਵਾਈਫ਼। ਇਹ ਕਹਾਣੀ ਉਸ ਪੰਜਾਬੀ ਬੰਦੇ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਰਿਵਾਇਤੀ ਮਰਦ ਹਉਮੈ ਹੈ ਅਤੇ ਜਦੋਂ ਕਦੇ ਉਸ ਅੰਦਰ ਇਹ ਹਉਮੈ ਜਾਗਦੀ ਹੈ, ਉਦੋਂ ਉਹ ਘਰ ਦਾ ਕੰਮ ਕਰਨਾ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦਾ ਹੈ। ਹਾਲਾਂਕਿ ਘਰ ਦਾ ਕੰਮ ਕਰਨਾ ਜਾਂ ਉਸ ਵਿੱਚ ਮਦਦ ਕਰਨਾ ਉਸਦੀ ਮਜਬੂਰੀ ਵੀ ਅਤੇ ਪਰਵਾਸ ਦਾ ਸੱਭਿਆਚਾਰ ਵੀ। ਮਨਮੀਤ ਅਤੇ ਨੀਨੂੰ ਦਾ ਬੱਚਾ ਕੈਵਨ ਛੋਟਾ ਹੈ ਤੇ ਸ਼ਰਾਰਤੀ ਵੀ। ਨੀਨੂੰ ਨਰਸ ਹੈ। ਮਨਮੀਤ ਬੱਚੇ ਨੂੰ ਸੰਭਾਲਣ ਲਈ ਸਿਰਫ਼ ਨੀਨੂੰ ਦੇ ਛੁੱਟੀ ਵਾਲੇ ਦਿਨ ਟੈਕਸੀ ਚਲਾਉਂਦਾ ਹੈ। ਬਾਕੀ ਦਿਨ ਉਹ ਬੱਚੇ ਨੂੰ ਸੰਭਾਲਦਾ ਹੈ ਅਤੇ ਘਰ ਦਾ ਸਾਰਾ ਕੰਮ ਕਰਦਾ ਹੈ। ਸਾਰਾ ਕੁਝ ਠੀਕ ਚੱਲਦਾ ਹੈ ਪਰ ਜਦੋਂ ਪੰਜਾਬ ਤੋਂ ਕੋਈ ਬੰਦਾ ਆਉਂਦਾ ਹੈ ਜਾ ਕੋਈ ਫ਼ੋਨ ਆਉਂਦਾ ਹੈ ਤਾਂ ਮਨਮੀਤ ਨੂੰ ਉਸਦੇ ਘਰ ਦਾ ਕੰਮ ਕਰਨ ਲਈ ਮਜ਼ਾਕ ਸਹਿਣਾ ਪੈਂਦਾ

ਹੈ ਜਿਸਦੇ ਫਲਸਰੂਪ ਉਸਦਾ ਵਿਹਾਰ ਬਦਲ ਜਾਂਦਾ ਹੈ। ਉਹ ਕੰਮ ਨਹੀਂ ਕਰਦਾ ਅਤੇ ਉਲਟਾ ਨੀਨੂੰ ਨਾਲ ਵੀ ਠੀਕ ਵਿਹਾਰ ਨਹੀਂ ਕਰਦਾ। ਕਹਾਣੀ ਦਾ ਸ਼ੀਰਸ਼ਕ ਹਾਊਸ ਵਾਈਫ਼ ਇੱਕ ਪ੍ਰਤੀਕ ਵਜੋਂ ਪੇਸ਼ ਹੋਇਆ ਹੈ। ਹਾਲਾਂਕਿ ਆਪਣੇ ਘਰ ਦੀ ਜ਼ਰੂਰਤ ਜਾਂ ਸਥਿਤੀ ਮਨਮੀਤ ਵੀ ਸਮਝਦਾ ਹੈ ਪਰ ਫਿਰ ਵੀ ਇਹ ਇੱਕ ਅਜੀਬ ਮਾਨਸਿਕ ਦਵੰਦ ਹੈ ਜਿਸ ਤੋਂ ਉਹ ਬਚ ਵੀ ਨਹੀਂ ਪਾਉਂਦਾ। ਪਰ ਕਹਾਣੀ ਦੇ ਅੰਤ 'ਤੇ ਨੀਨੂੰ ਉਸਦੇ ਕੰਮ ਲਈ ਉਸਨੂੰ ਪ੍ਰਸੰਸਾ ਦਿੰਦੀ ਹੈ ਜੋ ਉਸਦੇ ਇਸ ਮਾਨਸਿਕ ਦਵੰਦ ਨੂੰ ਦੂਰ ਵੀ ਕਰਦੀ ਹੈ-

*ਕੰਮ ਜਾਂ ਬਿਜ਼ਨੈੱਸ ਤਾਂ ਰਿੰਕੂ ਜਾਂ ਜਸਦੇਵ ਵਰਗਾ ਕੋਈ ਵੀ ਜਣਾ ਖਣਾ ਪੰਜਾਬੀ ਬੰਦਾ ਕਰ ਲਊ, ਪਰ ਹਾਊਸ ਵਾਈਫ਼ ਬਣਕੇ ਦਿਖਾਵੇ ਕਈ।*[5]

**ਚੌਥੀ ਕਹਾਣੀ ਪੈਂਗੁਇਨ**, ਬਿੰਬ ਰਾਹੀਂ ਸੂਖਮ ਮਨੁੱਖੀ ਭਾਵਾਂ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਮੈਂ ਪਾਤਰ ਸਿਮ ਰਿਸ਼ਤੇ ਵਿਚ ਸ਼ਮਸ਼ੇਰ ਹੱਥੋਂ ਧੋਖਾ ਖਾਂਦੀ ਹੈ। ਪਰ ਉਸਦੇ ਬੱਚੇ ਨੂੰ ਜਨਮ ਵੀ ਦਿੰਦੀ ਹੈ। ਬੱਚੇ ਨੂੰ ਜਨਮ ਦੇਣ ਦੀ ਪ੍ਰੇਰਨਾ ਉਸਨੂੰ ਕੀਥ ਕੋਲੋਂ ਮਿਲਦੀ ਹੈ, ਜੋ ਹੁਣ ਉਸਦਾ ਪਤੀ ਹੈ ਤੇ ਗੈਰ ਪੰਜਾਬੀ ਜਾਂ ਹਿੰਦੁਸਤਾਨੀ ਨਸਲ ਦਾ ਹੈ। ਸ਼ਮਸ਼ੇਰ ਸਿਮ ਦੇ ਹੋਣ ਵਾਲੇ ਬੱਚੇ ਨੂੰ ਆਪਣਾ ਮੰਨਣ ਤੋਂ ਇਨਕਾਰੀ ਹੁੰਦਾ ਹੈ ਅਤੇ ਰਿਸ਼ਤਾ ਟੁੱਟ ਜਾਣ ਦੇ ਕਿੰਨੇ ਹੀ ਸਾਲਾਂ ਬਾਅਦ ਜਦ ਸਿਮ ਕੀਥ ਤੇ ਜੋਵਨ ਨਾਲ ਖ਼ੁਸ਼ਹਾਲ ਵੱਸ ਰਹੀ ਹੈ, ਉਦੋਂ ਉਹ ਆਪਣੇ ਬੱਚੇ ਨੂੰ ਮਿਲਣ ਅਤੇ ਸਿਮ ਨੂੰ ਅਪਣਾਉਣ ਦੀ ਗੱਲ ਕਰਨ ਲੱਗ ਜਾਂਦਾ ਹੈ। ਜਿਸ ਪਿੱਛੇ ਸ਼ਾਇਦ ਲੁਕੀ ਭਾਵਨਾ ਇਹ ਵੀ ਹੈ ਕਿ ਉਸਦੇ ਘਰ ਤਿੰਨ ਧੀਆਂ ਹਨ ਅਤੇ ਉਸਨੂੰ ਇੱਕ ਪੁੱਤਰ ਦੀ ਲੋੜ ਹੈ। ਉਹ ਜੋਵਨ ਦੇ ਨਕਸ਼ ਨੂੰ ਖ਼ੁਦ ਨਾਲ ਮਿਲਦੇ ਹੋਣ ਦਾ ਦਾਅਵਾ ਕਰਕੇ ਆਪਣੇ ਰਿਸ਼ਤੇ ਦੀ ਸਥਾਪਤੀ ਦੀ ਗੱਲ ਕਰਦਾ ਹੈ। ਪਰ ਕੀਥ, ਜੋਵਨ ਜਿਸ ਦੀ ਆਪਣੀ ਔਲਾਦ ਨਹੀਂ ਹੈ, ਉਹ ਫਿਰ ਵੀ ਉਸਨੂੰ ਅਥਾਹ ਪਿਆਰ ਕਰਦਾ ਹੈ ਤੇ ਉਸਦਾ ਵਿਸ਼ਵਾਸ ਹੈ ਕਿ ਡੀ.ਐਨ.ਏ ਮਿਲਦਾ ਹੋਣ ਨਾਲ ਹੀ ਬਾਪ ਨਹੀਂ ਬਣਿਆ ਜਾ ਸਕਦਾ। ਰਿਸ਼ਤੇ ਵਿੱਚ ਭਾਵਨਾਵਾਂ ਦੀ ਇੱਕ ਸੂਖਮ ਤੰਦ ਦਾ ਹੋਣਾ ਵੀ ਬੇਹੱਦ ਜ਼ਰੂਰੀ ਹੈ। ਇਸ ਉਦਾਹਰਨ ਖ਼ੁਦ ਕੀਥ ਹੈ, ਜਿਸ ਨੂੰ ਜਨਮ ਕਿਸੇ ਹੋਰ ਨੇ ਦਿੱਤਾ ਸੀ ਅਤੇ ਪਾਲਿਆ ਕਿਸੇ ਹੋਰ ਨੇ ਸੀ। ਪਰ ਪਰਵਰਿਸ਼ ਵਿੱਚ ਮਿਲਿਆ ਪਿਆਰ ਹੀ ਉਸ ਨੂੰ ਇਹ ਸਭ ਗੱਲਾਂ ਨਹੀਂ ਸੋਚਣ ਦਿੰਦਾ। ਇਸੇ ਲਈ ਜੋਵਨ ਪ੍ਰਤੀ ਵੀ ਉਸਦਾ ਵਿਸ਼ਵਾਸ ਹੈ ਕਿ ਉਹ ਕਦੀ ਵੀ ਸ਼ਮਸ਼ੇਰ ਕੋਲ ਨਹੀਂ ਜਾਏਗਾ। ਇਸੇ ਲਈ ਜਦ ਸਿਮ ਪੁੱਛਦੀ ਹੈ-

*ਤੇਰਾ ਕਦੀ ਵੀ ਜੀਅ ਨਹੀਂ ਕੀਤਾ ਕਿ ਲੱਭੇ ਉਨ੍ਹਾਂ ਨੂੰ?*[6]

ਇਸ 'ਤੇ ਕੀਥ ਜਵਾਬ ਦਿੰਦਾ ਹੈ-

*ਮੇਰੇ ਪਾਲਣ ਹਾਰਿਆ ਨੇ ਇਸ ਜਗਿਆਸਾ ਲਈ ਮੇਰੇ ਅੰਦਰ ਕੋਈ ਥਾਂ ਨਹੀਂ ਛੱਡੀ।*[7]

ਇਉਂ ਕੀਥ ਪੈਂਗੁਇਨ ਵਾਂਗ ਹਰ ਔਕੜ ਨੂੰ ਝੱਲਦਾ ਹੋਇਆ ਵੀ ਜੋਵਨ ਦੀ ਰੱਖਿਆ ਲਈ ਖੜ੍ਹਾ ਹੈ ਅਤੇ ਉਸਨੂੰ ਆਪਣੇ ਪਿਆਰ ਉਪਰ ਵਿਸ਼ਵਾਸ ਹੈ ਕਿ ਜੋਵਨ ਹਮੇਸ਼ਾ ਉਹਨਾਂ ਕੋਲ ਰਹੇਗਾ।

**ਵੀਰੇ ਨੂੰ ਮੈਂ ਨਹੀਂ ਮਾਰਿਆ** ਕਹਾਣੀ ਮੈਂ ਪਾਤਰ ਰਾਣਾ ਦੇ ਅੰਦਰ ਪੈਦਾ ਹੋਏ ਅਪਰਾਧ ਬੋਧ ਨੂੰ ਪੇਸ਼ ਕਰਦੀ ਕਹਾਣੀ ਹੈ। ਰਾਣੇ ਦੀ ਮਾਸੀ ਦਾ ਪੁੱਤ ਭਰਾ ਟੋਨੀ ਰਾਣੇ ਨੂੰ ਕੈਨੇਡਾ ਲੈ ਕੇ ਆਉਣ ਦੀ ਖ਼ਾਤਰ ਉਸਦਾ ਵਿਆਹ ਆਪਣੀ ਸਾਲੀ ਨਾਲ ਕਰਨ ਲਈ ਇੰਡੀਆ ਜਾਂਦਾ ਹੈ, ਜਿੱਥੇ ਸੜਕ ਹਾਦਸੇ ਵਿੱਚ ਉਸਦੀ ਮੌਤ ਹੋ ਜਾਂਦੀ ਹੈ। ਰਾਣਾ ਕੈਨੇਡਾ ਤਾਂ ਆ ਜਾਂਦਾ ਹੈ, ਪਰ ਉਸਨੂੰ ਪੈਰ-ਪੈਰ 'ਤੇ ਇਹ ਸੁਣਨਾ ਪੈਂਦਾ ਹੈ ਕਿ ਟੋਨੀ ਉਸਦੀ ਖ਼ਾਤਰ ਮਰਿਆ। ਇਸ ਅਪਰਾਧ ਬੋਧ ਨਾਲ ਰਾਣਾ ਮਾਨਸਿਕ ਤੌਰ 'ਤੇ ਇੰਨਾ ਜਾਂਦਾ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਆਖ਼ਿਰ ਉਸਨੂੰ ਮਨੋਰੋਗੀ ਦੀ ਜ਼ਰੂਰਤ ਪੈਣ ਲੱਗਦੀ ਹੈ। ਬੇਸ਼ੱਕ ਸੜਕ ਹਾਦਸਾ ਹੋਣਾ, ਕਿਸੇ ਦੀ ਮੌਤ ਹੋ ਜਾਣਾ ਆਮ ਗੱਲ ਹੈ ਜਿਸ ਵਿੱਚ ਕਿਸੇ ਦਾ ਵੀ ਕੋਈ ਕਸੂਰ ਨਹੀਂ ਹੋ ਸਕਦਾ। ਪਰ ਰਾਣੇ ਦੇ ਅੰਦਰ ਦਾ ਅਪਰਾਧ ਬੋਧ ਹੀ ਉਸਨੂੰ ਮਨੋਰੋਗੀ ਬਣਾ ਦਿੰਦਾ ਹੈ।

**ਘਰ ਕਹਾਣੀ** ਪਰਵਾਸ ਵਿੱਚ ਵੱਸੇ ਪਰ ਪੰਜਾਬੀ ਮਾਨਸਿਕਤਾ ਵਾਲੇ ਲੋਕਾਂ ਦੀ ਹੋਣੀ ਨੂੰ ਬਿਆਨ ਕਰਦੀ ਕਹਾਣੀ ਹੈ, ਜੋ ਦੋਨਾਂ ਹੀ ਸੱਭਿਆਚਾਰ ਵਿਚਾਲੇ ਤ੍ਰਿਸ਼ੰਕੂ ਵਾਂਗ ਲਟਕਦੇ ਹਨ। ਸਾਡੇ ਸੱਭਿਆਚਾਰ ਵਿੱਚ ਘਰ ਦੇ ਅਰਥ ਬਿਲਕੁਲ ਹੋਰ ਹਨ ਅਤੇ ਵਿਦੇਸ਼ੀ ਸੱਭਿਆਚਾਰ ਵਿੱਚ ਬਿਲਕੁਲ ਹੋਰ। ਕਹਾਣੀ ਦਾ ਮੈਂ ਪਾਤਰ ਆਪਣੇ ਬਜ਼ੁਰਗ ਪਿਤਾ ਨੂੰ ਕੇਅਰ ਹੋਮ ਵਿੱਚ ਨਹੀਂ ਭੇਜਣਾ ਚਾਹੁੰਦਾ ਕਿਉਂ ਕਿ ਅਜਿਹਾ ਕਰਨ ਨਾਲ ਉਸਦੀ ਸਮਾਜ ਅਤੇ ਉਸਦੀ ਆਪਣੇ ਬਾਪ ਦੀ ਨਜ਼ਰ ਵਿੱਚ ਬਣੀ ਸਰਵਨ ਪੁੱਤ ਵਾਲੀ ਸ਼ਵੀ ਖ਼ਤਮ ਹੋ ਜਾਏਗੀ। ਬਿਮਾਰ ਪਿਤਾ ਨੂੰ ਘਰ ਵਿੱਚ ਸੰਭਾਲਦਿਆਂ ਉਹ ਤੇ ਉਸਦਾ ਪੂਰਾ ਪਰਿਵਾਰ ਘੋਰ ਪ੍ਰੇਸ਼ਾਨੀ ਚੱਲਦਾ ਹੈ ਪਰ ਫਿਰ ਉਸ ਲਈ ਪਿਤਾ ਨੂੰ ਕੇਅਰ ਹੋਮ ਵਿਚ ਭੇਜਣਾ ਅਸਹਿ ਹੈ। ਇੱਥੋਂ ਤੱਕ ਕਿ ਪਿਤਾ ਵੀ ਕੇਅਰ ਹੋਮ ਵਿੱਚ ਜਾ ਕੇ ਖ਼ੁਸ਼ ਨਹੀਂ ਹੈ। ਆਪਣੀ ਬਣੀ-ਬਣਾਈ ਸੋਚ ਸਦਕਾ ਪਿਤਾ ਵੀ ਕੇਅਰ ਹੋਮ ਵਿੱਚ ਜਾਣਾ ਨਿਰਾਦਰ ਸਮਝਦਾ ਹੈ ਅਤੇ ਆਖਦਾ ਹੈ-

*ਇਹ ਕੇਅਰ ਹੋਮ ਤਾਂ ਗੋਰਿਆਂ ਲਈ ਹੁੰਦੇ ਆ, ਜਿੰਨਾਂ ਨੂੰ ਸੰਭਾਲ ਵਾਲਾ ਕੋਈ ਨਹੀਂ ਹੁੰਦਾ।*[8]

ਇਹ ਪਿਤਾ ਦੀ ਮਾਨਸਿਕਤਾ ਹੈ, ਜਿਸ ਵਿਚ ਸ਼ਾਇਦ ਕੁਝ ਗ਼ਲਤ ਵੀ ਨਹੀਂ ਹੈ। ਸਾਡੇ ਸੱਭਿਆਚਾਰ ਵਿਚ ਕੇਅਰ ਹੋਮ ਸ਼ਬਦ ਦੀ ਕੋਈ ਹੋਂਦ ਹੀ ਨਹੀਂ ਹੈ। ਦੋਨੋਂ ਪਿਉ-ਪੁੱਤ ਆਪਣੀ ਆਪਣੀ ਥਾਂ ਮਜਬੂਰ ਹਨ। ਦੋਨਾਂ ਦਾ ਮਾਨਸਿਕ ਦਬਾਅ ਸੱਚਾ ਵੀ ਹੈ। ਪਰ ਜਦੋਂ ਪੁੱਤਰ ਭੈਣ ਦੇ ਸਹਾਰੇ ਪਿਤਾ ਨੂੰ ਕੇਅਰ ਹੋਮ ਵਿੱਚ ਛੱਡ ਆਉਂਦਾ ਹੈ ਤਾਂ ਖ਼ੁਦ ਵੀ ਕਸ਼ਮਕਸ਼ ਹੰਢਾਉਂਦਾ ਹੈ ਅਤੇ ਪਿਤਾ ਵੀ ਕੇਅਰ ਹੋਮ ਪਹੁੰਚ ਕੇ ਖ਼ੁਦ ਨੂੰ ਸ਼ਰਮਿੰਦਾ ਹੋਇਆ ਮਹਿਸੂਸ ਕਰਦਾ ਹੈ। ਭਾਈਚਾਰੇ ਦਾ ਮੂੰਹ, ਉਸਨੂੰ ਮਾਰਦਾ ਹੈ। ਉਹ ਆਖਦਾ ਹੈ-

*ਕਿਸੇ ਨੂੰ ਦੱਸਿਓ ਨਾ। ਨਾ ਹੀ ਕੋਈ ਬਾਹਰਲਾ ਬੰਦਾ ਮੇਰਾ ਪਤਾ ਲੈਣ ਲਈ ਆਵੇ ਉੱਥੇ।* [9]

ਇਹ ਮਾਨਸਿਕ ਦਵੰਦ ਉਸ ਪੀੜ੍ਹੀ ਦਾ ਹੈ ਜਿਸ ਕੋਲ ਨੈਤਿਕਤਾ ਦਾ ਮਾਡਲ ਹੈ। **ਇੱਕ ਹੋਰ ਸੁੱਚਾ ਸਿੰਘ** ਕਹਾਣੀ ਅਨਜੋੜ ਰਿਸ਼ਤੇ ਦੇ ਸੇਕ ਨੂੰ ਬਿਆਨ ਕਰਦੀ ਕਹਾਣੀ ਹੈ। ਸੁੱਚਾ ਸਿੰਘ ਪਹਿਲੀ ਪਤਨੀ ਦੀ ਮੌਤ ਤੋਂ ਬਾਅਦ ਜਿੰਦਰ ਨਾਮ ਦੀ ਜਵਾਨ ਔਰਤ ਨਾਲ ਵਿਆਹ ਕਰਵਾ ਕੇ ਉਸਨੂੰ ਕੈਨੇਡਾ ਲੈ ਆਉਂਦਾ ਹੈ। ਦੋਨਾਂ ਦੀ ਉਮਰ ਵਿਚਲਾ ਫ਼ਰਕ ਕਿਸੇ ਵੀ ਤਰਾਂ ਉਹਨਾਂ ਦੇ ਰਿਸ਼ਤੇ ਨੂੰ ਸਾਵਾਂ ਨਹੀਂ ਹੋਣ ਦਿੰਦਾ। ਆਖ਼ਿਰ ਇੱਕ ਦਿਨ ਸੁੱਚਾ ਸਿੰਘ ਨੂੰ ਅਹਿਸਾਸ ਹੁੰਦਾ ਹੈ ਕਿ ਉਸਨੇ ਅਪਰਾਧ ਕੀਤਾ ਹੈ। ਉਹ ਜਿੰਦਰ ਨੂੰ ਇਸ ਰਿਸ਼ਤੇ ਦੇ ਬੋਝ ਤੋਂ ਅਜ਼ਾਦ ਕਰਦਿਆਂ ਆਖਦਾ ਹੈ-

*ਇਉਂ ਰੋ-ਰੋ ਕੇ ਜਵਾਨੀ ਨਾ ਗਾਲ, ਜਾਹ ਕੋਈ ਲੱਭ ਲੈ ਹਾਣ ਪਰਵਾਨ ਤੇ ਮੁੜ ਤੋਂ ਸ਼ੁਰੂ ਕਰ ਜ਼ਿੰਦਗੀ।* [10]

ਸਾਡੇ ਲੋਕ ਨਾਇਕ ਸੁੱਚੇ ਨੇ ਆਪਣੀ ਭਰਜਾਈ ਦਾ ਕਤਲ ਇਸ ਲਈ ਕੀਤਾ ਸੀ ਕਿ ਉਸ ਨੇ ਕਿਸੇ ਹੋਰ ਨਾਲ ਰਿਸ਼ਤਾ ਬਣਾਇਆ ਸੀ ਪਰ ਕਹਾਣੀ ਵਿਚਲਾ ਸੁੱਚਾ ਸਿੰਘ ਜਿੰਦਰ ਨੂੰ ਬੋਝਲ ਰਿਸ਼ਤੇ ਤੋਂ ਅਜ਼ਾਦ ਕਰਕੇ ਨਾਇਕਤਵ ਦੀ ਨਵੀਂ ਪਰਿਭਾਸ਼ਾ ਸਿਰਜਦਾ ਹੈ।

ਹਰਪ੍ਰੀਤ ਸੇਖਾ ਦਾ ਸਿਰਜਨਾਤਮਕ ਕੰਮ ਕੈਨੇਡਾ ਵੱਸਦੇ ਸਾਊਥ ਏਸ਼ੀਅਨ ਲੋਕਾਂ ਦੇ ਅਨੁਭਵਾਂ ਅਤੇ ਉਨ੍ਹਾਂ ਦੇ ਹੋਰ ਭਾਈਚਾਰਿਆਂ ਨਾਲ ਸਬੰਧਾਂ ਦੁਆਲੇ ਕੇਂਦਰਿਤ ਹੈ। ਨਾ-ਬਰਾਬਰਤਾ, ਪੀੜ੍ਹੀ ਪਾੜਾ, ਦੋਗਲਾਪਣ, ਨਵੇਂ ਪਰਵਾਸੀਆਂ ਦੇ ਜੀਣ ਥੀਣ ਲਈ ਸੰਘਰਸ਼, ਪਰਵਾਸ ਲਈ ਵਰਤੇ ਜਾਂਦੇ ਅਯੋਗ ਢੰਗ ਵਰਗੇ ਵਿਸ਼ੇ ਉਸਦੀਆਂ ਕਹਾਣੀਆਂ ਦੇ ਮੁੱਖ ਸਰੋਕਾਰ ਹਨ। ਬਾਹਰੀ ਤੌਰ `ਤੇ ਉਸਦੀਆਂ ਕਹਾਣੀਆਂ ਕੈਨੇਡਾ ਦੀ ਧਰਤੀ `ਤੇ ਵਾਪਰਦੀਆਂ ਹਨ ਪਰ ਉਸਦਾ ਮੁੱਖ ਫੋਕਸ ਪਾਤਰਾਂ ਦੇ ਮਨਾਂ ਵਿੱਚ ਵਾਪਰ ਰਹੀਆਂ ਕਹਾਣੀਆਂ ਨੂੰ ਪਕੜਨ ਵੱਲ ਹੁੰਦਾ ਹੈ। ਸੋ ਸਮੁੱਚੇ ਰੂਪ ਵਿੱਚ ਹਰਪ੍ਰੀਤ ਸੇਖਾ ਦੀਆਂ ਇਹ ਕਹਾਣੀਆਂ ਪਰਵਾਸ ਵਿਚ ਜਿਊਂ ਰਹੇ ਪੰਜਾਬੀ ਬੰਦੇ ਦੀ ਜ਼ਿੰਦਗੀ ਦੇ ਅਨੇਕਾਂ ਰੰਗਾਂ ਨੂੰ ਪੇਸ਼ ਕਰਦੀਆਂ ਹਨ। ਬੇਗਾਨੀ ਧਰਤੀ ਤੇ ਰਹਿੰਦਿਆਂ, ਪੰਜਾਬੀਆਂ ਦੀ ਉਹ ਪੀੜ੍ਹੀ ਜੋ ਆਪਣੇ ਨਾਲ ਇੱਕ ਅਲੱਗ ਜੀਵਨ ਸ਼ੈਲੀ ਦਾ ਮਾਡਲ ਵੀ ਨਾਲ ਲੈ ਕੇ ਗਈ ਹੈ, ਬੇਹੱਦ ਵਿਚਲਿਤ ਹੈ। ਉਥੇ ਬਹੁਤ ਕੁਝ ਹੈ ਜੋ ਉਸਦੇ ਅਜੇ ਵੀ ਮੇਚ ਨਹੀਂ ਆ ਰਿਹਾ। ਇਸ ਨਾ ਮੇਚ ਆਉਣ ਦੀ ਚੀਸ ਪੰਜਾਬੀ ਬੰਦੇ ਦੇ ਮੱਥੇ ਵਿੱਚ ਉਠਦੀ ਰਹੇਗੀ।

## *ਹਵਾਲੇ ਅਤੇ ਟਿੱਪਣੀਆਂ*


1. *ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ। ਪੰਨਾ:300*
2. *-ਉਹੀ-, ਪੰਨਾ ਨੰ:297*
3. *ਹਰਪ੍ਰੀਤ ਸੇਖਾ, ਪ੍ਰਿਜ਼ਮ (ਕਹਾਣੀ ਸੰਗ੍ਰਹਿ), ਗ੍ਰੇਸ਼ੀਅਸ ਬੁੱਕਸ, ਪਟਿਆਲਾ। ਪੰਨਾ:22*
4. *-ਉਹੀ-, ਪੰਨਾ:34*
5. *-ਉਹੀ-, ਪੰਨਾ:55*
6. *-ਉਹੀ-, ਪੰਨਾ:72*
7. *-ਉਹੀ-, ਪੰਨਾ:99*
8. *-ਉਹੀ-, ਪੰਨਾ:101*
9. *-ਉਹੀ-, ਪੰਨਾ:99*
10. *-ਉਹੀ-, ਪੰਨਾ:123*